ਐਂਬਰ ਟ੍ਰੇਲਜ਼ ਕਮਿਊਨਟੀ ਸਕੂਲ

# ਕਿੰਡਰਗਾਰਟਨ ਰਜਿਸਟਰੇਸ਼ਨ

## ਅੰਗਰੇਜ਼ੀ ਪੰਜਾਬੀ ਦੋਭਾਸ਼ੀ

ਇੱਕ ਵੱਡਾ ਸਾਲ ਸ਼ੁਰੂ ਹੁੰਦਾ ਹੈ: 2026-2027

# ਜਾਣ-ਪਛਾਣ

ਸੈਵਨ ਓਕਸ ਸਕੂਲ ਡਿਵੀਜ਼ਨ ਅਤੇ ਐਂਬਰ ਟ੍ਰੇਲਜ਼ ਕਮਿਉਨਿਟੀ ਸਕੂਲ ਜਾਣਦੇ ਹਨ ਕਿ ਇਹ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਕਿੰਨਾ ਦਿਲਚਸਪ ਸਮਾਂ ਹੈ|



ਐਂਬਰ ਟ੍ਰੇਲਜ਼ ਕਮਿਉਨਿਟੀ ਸਕੂਲ 2 ਪ੍ਰੋਗਰਾਮ ਪੇਸ਼ ਕਰਦਾ ਹੈ:

- ਅੰਗਰੇਜ਼ੀ
- ਪੰਜਾਬੀ ਦੋਭਾਸ਼ੀ

**ਸਵੇਰ ਦਾ ਪ੍ਰੋਗਰਾਮ - 9:00 - 11:30 ਵਜੇ**

**ਦੁਪਹਿਰ ਦਾ ਪ੍ਰੋਗਰਾਮ: 1:00 - 3:30 ਵਜੇ**

**ਤੁਹਾਨੂੰ ਔਨਲਾਈਨ ਰਜਿਸਟ੍ਰੇਸ਼ਨ ਫਾਰਮ 'ਤੇ ਸਵੇਰ ਜਾਂ ਦੁਪਹਿਰ ਦਾ ਸਮਾਂ ਚੁਣਨ ਦਾ ਮੌਕਾ ਮਿਲੇਗਾ | ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਅਸੀਂ ਕਲਾਸ ਲਈ ਉਹ ਸਮਾਂ ਦੇ ਸਕੀਏ ਜੋ ਤੁਸੀਂ ਚੁਣਿਆ ਹੈ ਪਰ ਇਸ ਗੱਲ ਦੀ ਗਰੰਟੀ ਨਹੀਂ ਹੈ ਕਿ ਤੁਹਾਨੂੰ ਉਹ ਹੀ ਸਮਾਂ ਮਿਲੇਗਾ |**

# ਅੰਗਰੇਜ਼ੀ ਪ੍ਰੋਗਰਾਮ

ਅੰਗਰੇਜ਼ੀ ਨੂੰ ਹੇਠਾਂ ਦਿੱਤੇ ਵਿਸ਼ਿਆਂ ਵਿੱਚ ਸਿੱਖਿਆ ਦੀ ਭਾਸ਼ਾ ਵਜੋਂ ਵਰਤਿਆ ਜਾਂਦਾ ਹੈ:

**ਰੋਜ਼ਾਨਾ ਰੁਟੀਨ - ਸਿਹਤ - ਸਾਖਰਤਾ - ਸੰਗੀਤ - ਸੰਖਿਆਵਾਂ**

**ਸਰੀਰਕ ਸਿੱਖਿਆ - ਸਮਾਜਿਕ ਅਧਿਐਨ - ਵਿਗਿਆਨ - ਵਿਜ਼ੂਅਲ ਆਰਟਸ**







# ਪੰਜਾਬੀ ਦੋਭਾਸ਼ੀ ਪ੍ਰੋਗਰਾਮ

ਪੰਜਾਬੀ ਨੂੰ ਹੇਠ ਲਿਖੇ ਵਿਸ਼ਿਆਂ ਵਿੱਚ ਸਿੱਖਿਆ ਦੀ ਭਾਸ਼ਾ ਵਜੋਂ ਵਰਤਿਆ ਜਾਂਦਾ ਹੈ:

**ਰੋਜ਼ਾਨਾ ਰੁਟੀਨ - ਸਿਹਤ - ਪੰਜਾਬੀ ਸਾਖਰਤਾ - ਸਮਾਜਿਕ ਅਧਿਐਨ - ਵਿਜ਼ੂਅਲ ਆਰਟਸ**

ਅੰਗਰੇਜ਼ੀ ਨੂੰ ਹੇਠਾਂ ਦਿੱਤੇ ਵਿਸ਼ਿਆਂ ਵਿੱਚ ਸਿੱਖਿਆ ਦੀ ਭਾਸ਼ਾ ਵਜੋਂ ਵਰਤਿਆ ਜਾਂਦਾ ਹੈ:

**ਅੰਗਰੇਜ਼ੀ ਸਾਖਰਤਾ - ਸੰਗੀਤ - ਸੰਖਿਆ - ਸਰੀਰਕ ਸਿੱਖਿਆ - ਵਿਗਿਆਨ**

**ਹੋਰ ਜਾਣਕਾਰੀ ਲਈ, ਦੋਭਾਸ਼ੀ ਪ੍ਰੋਗਰਾਮ ਬਰੋਸ਼ਰ ਦੇਖਣ ਲਈ ਇੱਥੇ ਕਲਿੱਕ ਕਰੋ**







# ਆਨਲਾਈਨ ਰਜਿਸਟਰੇਸ਼ਨ

**2026-2027 ਕਿੰਡਰਗਾਰਟਨ ਲਈ ਰਜਿਸਟ੍ਰੇਸ਼ਨ ਕਰਵਾਉਣ ਵਾਲੇ ਬੱਚਿਆਂ ਦਾ ਜਨਮ 2021 ਦਾ ਹੋਣਾ ਚਾਹੀਦਾ ਹੈ।**

ਕਿੰਡਰਗਾਰਟਨ ਰਜਿਸਟ੍ਰੇਸ਼ਨ ਸੋਮਵਾਰ, 23 ਫਰਵਰੀ, 2026 ਨੂੰ ਸਵੇਰੇ 9:00 ਵਜੇ ਸ਼ੁਰੂ ਹੋਵੇਗੀ, ਕਲਾਸਾਂ ਸਤੰਬਰ, 2026 ਤੋਂ ਸ਼ੁਰੂ ਹੋਣਗੀਆਂ।

ਮਾਪੇ/ਸਰਪ੍ਰਸਤ ਸੈਵਨ ਓਕਸ ਸਕੂਲ ਡਿਵੀਜ਼ਨ ਰਜਿਸਟ੍ਰੇਸ਼ਨ ਪੰਨੇ - HTTPS://WWW.7OAKS.ORG/REGISTRATION ਤੇ ਜਾ ਕੇ ਔਨਲਾਈਨ ਰਜਿਸਟਰ ਕਰ ਸਕਦੇ ਹਨ। ਸਹਾਇਕ ਦਸਤਾਵੇਜ਼ (ਪੰਨਾ 6) ਆਨਲਾਈਨ ਫਾਰਮ ਨਾਲ ਅਪਲੋਡ ਕੀਤੇ ਜਾ ਸਕਦੇ ਹਨ ਜਾਂ ਸਕੂਲ ਦੇ ਦਫ਼ਤਰ ਵਿੱਚ ਲਿਆ ਕੇ ਦਿੱਤੇ ਜਾ ਸਕਦੇ ਹਨ।

ਆਪਣੇ ਕੈਚਮੈਂਟ ਸਕੂਲ ਦੀ ਜਾਂਚ ਕਰਨ ਲਈ, ਸਕੂਲ ਫਾਈਂਡਰ (FIND A SCHOOL) 'ਤੇ ਕਲਿੱਕ ਕਰੋ ਜਾਂ ਜਿਸਟ੍ਰੇਸ਼ਨ ਪੰਨੇ 'ਤੇ ਸੀਮਾ ਦਾ ਨਕਸ਼ਾ ਦੇਖੋ।

# ਹੇਠ ਲਿਖੇ ਸਹਾਇਕ ਦਸਤਾਵੇਜ਼ਾਂ ਦੀ ਲੋੜ ਹੈ

**A** ਉਮਰ ਦਾ ਸਬੂਤ - ਬੱਚੇ ਦੇ ਜਨਮ ਸਰਟੀਫਿਕੇਟ, ਪਾਸਪੋਰਟ, ਜਾਂ ਬਪਤਿਸਮਾ ਸੰਬੰਧੀ ਸਰਟੀਫਿਕੇਟ ਦੀ ਕਾਪੀ

**B** ਪਤੇ ਦਾ ਸਬੂਤ - ਸਾਨੂੰ ਵਿਦਿਆਰਥੀ ਦੇ ਪਤੇ ਦੀ ਪੁਸ਼ਟੀ ਕਰਨ ਲਈ 2 ਪਛਾਣ ਪੱਤਰਾਂ ਦੀ ਲੋੜ ਹੁੰਦੀ ਹੈ

- ਖਰੀਦ / ਲੀਜ਼ / ਕਿਰਾਏ ਦਾ ਇਕਰਾਰਨਾਮਾ
- ਮੌਜੂਦਾ ਉਪਯੋਗਤਾ ਬਿੱਲ, ਜਿਵੇਂ ਕਿ ਪਾਣੀ, ਪਣ ਬਿਜਲੀ, ਫ਼ੋਨ, ਇੰਟਰਨੈੱਟ
- ਸਭ ਤੋਂ ਨਵਾਂ ਜਾਇਦਾਦ ਟੈਕਸ ਮੁਲਾਂਕਣ

**C** ਪੱਕਾ ਵਸਨੀਕ (PERMANENT RESIDENT) — ਕਿਰਪਾ ਕਰਕੇ ਆਨਲਾਈਨ ਰਜਿਸਟ੍ਰੇਸ਼ਨ ਫਾਰਮ ਨਾਲ ਆਪਣੇ ਬੱਚੇ ਦੇ PR ਕਾਰਡ ਦੀ ਕਾਪੀ ਅਟੈਚ ਕਰੋ।

**D** ਅਸਥਾਈ ਨਿਵਾਸੀ - ਜੇਕਰ ਤੁਸੀਂ ਅਸਥਾਈ ਕੰਮ, ਪੜ੍ਹਾਈ, ਜਾਂ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਵਿੱਚ ਹੋ, ਤਾਂ ਕਿਰਪਾ ਕਰਕੇ ਜਾਣਕਾਰੀ ਲਈ ਸਕੂਲ ਨਾਲ ਸੰਪਰਕ ਕਰੋ।

# ਸੀਮਾ ਤੋਂ ਬਾਹਰ
# ਲੋੜੀਂਦੇ ਦਸਤਾਵੇਜ਼

1. 7OAKS ਸਕੂਲ ਡਿਵੀਜ਼ਨ ਨਿਵਾਸੀ - ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਤੁਹਾਡੇ ਕੈਚਮੈਂਟ ਖੇਤਰ ਤੋਂ ਬਾਹਰ ਕਿਸੇ ਸਕੂਲ ਵਿੱਚ ਜਾਵੇ, ਤਾਂ ਪਹਿਲਾਂ ਆਪਣੇ ਹੋਮ ਸਕੂਲ ਵਿੱਚ ਰਜਿਸਟਰ ਕਰੋ ਅਤੇ ਇੱਕ ਸਕੂਲ ਬੇਨਤੀ ਫਾਰਮ ਭਰੋ।

2. ਡਿਵੀਜ਼ਨ ਤੋਂ ਬਾਹਰ ਦੇ ਨਿਵਾਸੀ - ਆਪਣੀ ਪਸੰਦ ਦੇ ਸਕੂਲ ਵਿੱਚ ਰਜਿਸਟਰ ਕਰੋ ਅਤੇ ਡਿਵੀਜ਼ਨ ਤੋਂ ਬਾਹਰ ਦਾ ਫਾਰਮ ਭਰੋ।




# ਟਰਾਂਸਪੋਰਟੇਸ਼ਨ

ਆਨਲਾਈਨ ਰਜਿਸਟ੍ਰੇਸ਼ਨ 6 ਅਪ੍ਰੈਲ ਤੋਂ ਸ਼ੁਰੂ ਹੋਵੇਗੀ।

ਬੱਸ ਰਾਊਟਿੰਗ ਜਾਣਕਾਰੀ ਅਗਸਤ ਦੇ ਅੰਤ ਵਿੱਚ ਉਪਲਬਧ ਹੋਵੇਗੀ।

ਅਰਜ਼ੀਆਂ ਸਿੱਧੇ ਟਰਾਂਸਪੋਰਟੇਸ਼ਨ ਵਿਭਾਗ ਨੂੰ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ।

ਸੇਵਨ ਓਕਸ ਸਕੂਲ ਡਿਵੀਜ਼ਨ ਕਿੰਡਰਗਾਰਟਨ ਤੋਂ ਗ੍ਰੇਡ **6** ਦੇ ਵਿਦਿਆਰਥੀਆਂ ਲਈ ਆਵਾਜਾਈ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੀ ਘਰ ਤੋਂ ਸਭ ਤੋਂ ਸਿੱਧੀ ਪੈਦਲ ਦੂਰੀ ਜਾਂ ਉਨ੍ਹਾਂ ਦੇ ਕੈਚਮੈਂਟ ਸਕੂਲ ਲਈ ਇੱਕ ਮਨੋਨੀਤ ਫੀਡਰ ਡੇਕੇਅਰ **1.6** ਕਿਲੋਮੀਟਰ ਤੋਂ ਵੱਧ ਹੈ|

ਹੋਰ ਜਾਣਕਾਰੀ ਲਈ ਕਲਿੱਕ ਕਰੋ|

[HTTPS://WWW.7OAKS.ORG/TRANSPORTATION](https://www.7oaks.org/transportation)





# ਕਿੰਡਰਗਾਰਟਨ ਸ਼ਾਮ ਵਿੱਚ ਤੁਹਾਡਾ ਸੁਆਗਤ ਹੈ

ਸਾਰੇ ਰਜਿਸਟਰਡ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜੂਨ ਵਿੱਚ ਸਾਡੀ ਕਿੰਡਰਗਾਰਟਨ ਵਿੱਚ ਸਵਾਗਤ ਸ਼ਾਮ ਲਈ ਸੱਦਾ ਦਿੱਤਾ ਜਾਵੇਗਾ। ਇਹ ਅਧਿਆਪਕਾਂ ਅਤੇ ਸਟਾਫ ਨੂੰ ਮਿਲਣ, ਉਨ੍ਹਾਂ ਥਾਵਾਂ ਦੀ ਪੜਚੋਲ ਕਰਨ ਦਾ ਇੱਕ ਸ਼ਾਨਦਾਰ ਮੌਕਾ ਹੈ ਜਿੱਥੇ ਸਿੱਖਣ ਅਤੇ ਖੇਡਣ ਦਾ ਮੌਕਾ ਹੋਵੇਗਾ, ਅਤੇ ਸਤੰਬਰ ਲਈ ਤਿਆਰ ਹੋਣ ਲਈ ਗਤੀਵਿਧੀਆਂ ਅਤੇ ਜਾਣਕਾਰੀ ਨਾਲ ਭਰੇ ਇੱਕ ਖੁਸ਼ਹਾਲ ਗੁਡੀ ਬੈਗ ਘਰ ਵਾਪਸ ਲੈ ਕੇ ਜਾਣ ਦਾ ਮੌਕਾ ਹੋਵੇਗਾ।

ਸੱਦਾ ਪੱਤਰ ਅਤੇ ਹੋਰ ਜਾਣਕਾਰੀ ਮਈ ਵਿੱਚ ਆਵੇਗੀ।



# ਸੰਪਰਕ ਕਰੋ...

204-697-5965

AMBERTRAILS[AT]7OAKS.ORG

ਧੰਨਵਾਦ !

# ਧੰਨਵਾਦ




## ਐਂਬਰ ਟ੍ਰੇਲਜ਼ ਕਮਿਊਨਟੀ ਸਕੂਲ ਚੁਣਨ ਲਈ